ਸੇਵਾ ਵਿਖੇ,

ਜਿਲਾ ਸਿਖਿਆ ਅਫਸਰ
ਗੁਰਦਾਸਪੁਰ ।

ਨੰਬਰ 104 ਮਿਤੀ: 07/02/2025

ਵਿਸ਼ਾ: – Laurens International School Batala (ਜ਼ਿਲ੍ਹਾ ਗੁਰਦਾਸਪੁਰ) ਦਾ ਬਿਲਡਿੰਗ ਸੁਰੱਖਿਆ ਸਰਟੀਫਿਕੇਟ ਜਾਰੀ ਕਰਨ ਬਾਰੇ।

ਹਵਾਲਾ :- ਆਪ ਦਾ ਪੱਤਰ ਨੰਬਰ ਜੀ-3/2024/17344 ਮਿਤੀ 08.07.2024

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਵਿਸ਼ਾ ਅੰਕਿਤ ਸਕੂਲ ਦੀ ਇਮਾਰਤ ਦਾ ਨਰੀਖਣ ਉਪ ਮੰਡਲ ਇੰਜੀਨੀਅਰ, ਉਸਾਰੀ, ਉਪ ਮੰਡਲ, ਨੰ: 2 ਬਟਾਲਾ ਵਲੋਂ ਕੀਤਾ ਗਿਆ ਹੈ ਅਤੇ ਹੇਠ ਲਿਖੀਆਂ ਸ਼ਰਤਾ ਅਨੁਸਾਰ (ਮਿਤੀ 10.01.2025 ਤੋਂ 31.03.2029 )ਤੱਕ ਬਿਲਡਿੰਗ ਸੁਰੱਖਿਆਂ ਸਰਟੀਫਿਕਟ ਜਾਰੀ ਕੀਤਾ ਜਾਂਦਾ ਹੈ ।

ਸ਼ਰਤਾਂ:-

1) ਸਕੂਲ ਅਥਾਰਟੀ/ਮੈਨਜਮੈਂਟ ਦੀ ਇਹ ਨਿੱਜੀ ਜਿੰਮੇਂਵਾਰੀ ਹੋਵੇਗੀ ਕਿ ਉਹ ਸਕੂਲ ਦੀ ਇਮਾਰਤ ਦੀ ਲੋੜੀਂਦੀ ਸਲਾਨਾ ਮਰੁੰਮਤ ਅਤੇ ਦੇਖਭਾਲ ਕਰਨ ਦਾ ਪਾਬੰਧ ਹੋਵੇਗਾ ।
2) ਕੁਦਰਤੀ ਆਫਤ ਕਰਕੇ ਜਾਂ ਕਿਸੇ ਹੋਰ ਵੀ ਕਾਰਨ ਸਕੂਲ ਦੀ ਇਸ ਇਮਾਰਤ ਦੀਆਂ ਦੀਵਾਂਰਾਂ/ਸਲੈਬ ਆਦਿ ਵਿੱਚ ਕੋਈ ਕਰੈਕ/ਸੈਟਲਮੈਂਟ ਜਾਂ ਪਲਸਤਰ ਆਦਿ ਵਿੱਚ ਕਿਤੇ ਕੋਈ ਵੀ ਨੁਕਸ ਉਹਨਾਂ ਦੇ ਧਿਆਨ ਵਿੱਚ ਆਂਉਦਾ ਹੈ ਤਾਂ ਉਹ ਸਕੂਲ ਦੇ ਉਸ ਹਿੱਸੇ ਦੀ ਵਰਤੋਂ ਨਹੀ ਕਰਣਗੇ ਅਤੇ ਤਰੁੰਤ ਸਕੂਲ ਦੀ ਇਮਾਰਤ ਦਾ ਮੁੜ ਨਰੀਖਣ ਕਰਾਉਣ ਦੇ ਪਾਬੰਧ ਹੋਣਗੇ। ਇਸ ਤਰਾਂ ਨਾ ਕਰਨ ਤੇ ਜੇਕਰ ਕੋਈ ਅਣ-ਸੁਖਾਵੀ ਘਟਨਾ ਵਾਪਰਦੀ ਹੈ ਤਾਂ ਸਕੂਲ ਅਥਾਰਟੀ/ਮੈਨਜਮੈਂਟ ਉਸ ਲਈ ਜਿੰਮੇਂਵਾਰ ਹੋਣਗੇ ।
3) ਸਕੂਲ ਦੇ ਬਾਹਰ ਜਾਂਦੀ ਸੜ੍ਹਕ ਉੱਪਰ ਪ੍ਰਾਪਰ ਸਕੂਲ ਸਾਈਨ ਬੋਰਡ ਅਤੇ ਜੇਬਰਾ ਕਰਾਸਿੰਗ ਸਕੂਲ ਅਧਿਕਾਰੀਆਂ/ਮੈਨੇਜਮੈਂਟ ਉਸ ਲਈ ਜਿੰਮੇਵਾਰ ਹੋਣਗੇ ।
4) ਸਕੂਲ ਅਥਾਰਿਟੀ/ਮੈਨਜਮੈਂਟ ਵੱਲੋਂ ਹਰ ਸਾਲ ਫਾਈਰ ਸੇਫਟੀ ਸਰਟੀਫਿਕੇਟ ਸਬੰਧਿਤ ਵਿਭਾਗ ਪਾਸੋਂ ਪ੍ਰਾਪਤ ਕਰਕੇ ਇਸ ਦਫਤਰ ਵਿਖੇ ਜਮ੍ਹਾਂ ਕਰਵਾਇਆ ਜਾਵੇਗਾ । ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਹ ਐਨ.ਓ.ਸੀ. ਰੱਦ ਸਮਝਿਆ ਜਾਵੇਗਾ ।
5) ਸਕੂਲ ਅਥਾਰਟੀ ਮੈਨਜਮੈਟ ਸਕੂਲ ਵਿੱਚ ਪੀਣ ਵਾਲੇ ਸਾਫ ਪਾਣੀ ਦੇ ਇੰਤਜਾਮ ਸਬੰਧੀ ਪਬਲਿਕ ਹੈਲਥ ਵਿਭਾਗ ਪਾਸੋਂ ਐਨ.ਓ.ਸੀ. ਲੈਣ ਦਾ ਪਾਬੰਧ ਹੋਵੇਗਾ ।
6) ਸਕੂਲ ਬਿਲਡਿੰਗ ਸੁਰੱਖਿਆ ਸਬੰਧੀ ਮਾਣਯੋਗ ਅਦਾਲਤ/ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਸਕੂਲ ਅਥਾਰਟੀ/ਮੈਨਜਮੈਂਟ ਪਾਬੰਧ ਹੋਵੇਗੀ ।
7) ਸਕੂਲ ਅਥਾਰਿਟੀ ਵੱਲੋਂ ਪੋਰਟੇਬਲ ਫਾਇਰ ਐਗਜੀਟਿੰਗ ਸਟੇਅਰਜ ਪ੍ਰੋਵਾਇਡਿਡ ਕਰਵਾਉਣੀਆਂ ਯਕੀਨੀ ਬਣਾਇਆ ਜਾਣ ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋ:ਨਿ:ਵਿ: ਭਤੇਮ ਸ਼ਾਖਾ,
ਬਟਾਲਾ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ **Principal, Laurens International School, Batala** ਜਿਲਾ ਗੁਰਦਾਸਪੁਰ ਨੂੰ ਸੂਚਨਾਂ ਹਿੱਤ ਭੇਜਿਆ ਜਾਦਾ ਹੈ।

ਨੱਥੀ/ਸਰਟੀਫਿਕੇਟ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋ:ਨਿ:ਵਿ: ਭਤੇਮ ਸ਼ਾਖਾ,
ਬਟਾਲਾ।

ਪਿੱਠ ਅੰਕਣ ਨੰਬਰ ਮਿਤੀ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ: 2 ਬਟਾਲਾ ਨੂੰ ਉਨਾਂ ਦੇ ਪੱਤਰ ਨੰ :32 ਮਿਤੀ 03.02.2025 ਦੇ ਹਵਾਲੇ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਥਾਰਟੀ ਵੱਲੋਂ ਲੋੜੀਂਦੀ ਫੀਸ ਸਿੱਧੇ ਬੈਂਕ ਰਾਂਹੀ ਜਮਾਂ ਕਰਵਾ ਦਿੱਤੀ ਗਈ ਹੈ ਇਸਦਾ ਇੰਦਰਾਜ ਕੈਸ਼ ਬੁੱਕ ਵਿੱਚ ਕਰਨਾ ਯਕੀਨੀ ਬਣਾਇਆ ਜਾਵੇ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋ:ਨਿ:ਵਿ: ਭਤੇਮ ਸ਼ਾਖਾ,
ਬਟਾਲਾ।